SED-EDU4011/65/2025-2EDU4/87 ਮਿਤੀ, ਚੰਡੀਗੜ੍ਹ: 04/11/2024

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ – 4 ਸ਼ਾਖਾ)

ਹੁਕਮ

ਸਕੂਲ ਸਿੱਖਿਆ ਵਿਭਾਗ, ਪੰਜਾਬ ਵਿਖੇ ਕੰਮ ਕਰ ਰਹੇ ਪ੍ਰਿੰਸੀਪਲਾਂ/ਉੱਪ ਜਿਲ੍ਹਾ ਸਿੱਖਿਆ ਅਫਸਰਾਂ ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ ਉੱਨਤੀਆਂ ਕਰਨ ਲਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਮਿਤੀ 09.08.2024 ਨੂੰ ਰੱਖੀ ਗਈ ਸੀ। ਵਿਭਾਗੀ ਤਰੱਕੀ ਕਮੇਟੀ ਵੱਲੋਂ ਲਏ ਗਏ ਫੈਸਲੇ/ਕੀਤੀ ਗਈ ਸ਼ਿਫਾਰਸ਼ ਅਨੁਸਾਰ 13 ਪ੍ਰਿੰਸੀਪਲਾਂ/ਉੱਪ ਜਿਲ੍ਹਾ ਸਿੱਖਿਆ ਅਫਸਰਾਂ ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ ਉੱਨਤ ਕਰਨ/ਤੈਨਾਤੀ ਕਰਨ ਸਬੰਧੀ ਹੁਕਮ ਸਰਕਾਰ ਦੇ ਪੱਤਰ ਨੰ: SED-EDU401/67/2024-2EDU4/92 ਮਿਤੀ 12.08.2024 ਰਾਹੀਂ ਜਾਰੀ ਕੀਤੇ ਗਏ ਸਨ। ਪੱਦ-ਉੱਨਤੀ ਦੇ ਹੁਕਮਾਂ ਵਿੱਚ ਇਹ ਸ਼ਰਤ ਲਗਾਈ ਗਈ ਸੀ ਕਿ ਜਿਹੜਾ ਅਧਿਕਾਰੀ ਮਿਤੀ 16.08.2024 ਤੱਕ ਹਾਜਰੀ ਰਿਪੋਰਟ ਪੇਸ਼ ਨਹੀਂ ਕਰਨਗੇ ਉਹਨਾਂ ਨੂੰ ਪੱਦ ਉੱਨਤੀ ਦੇ ਹਣ ਤੋਂ 02 ਸਾਲ ਲਈ ਡੀਬਾਰ ਕਰ ਦਿੱਤਾ ਜਾਵੇਗਾ।

2. ਹੁਣ ਅਧਿਕਾਰਨ ਵੱਲੋਂ ਆਪਣੀ ਕੋਰਨਿਕ ਡਜ਼ੀਜ਼ ਅਤੇ ਘਰੇਲੂ ਹਲਾਤਾਂ ਕਾਰਨ ਉਸਨੂੰ ਪ੍ਰਿੰਸੀਪਲ ਦੀ ਅਸਾਮੀ ਤੇ ਰਿਵਰਟ ਕਰਨ ਲਈ ਪ੍ਰਾਪਤ ਪ੍ਰਤੀਬੇਨਤੀ ਮਿਤੀ 17/07/2025 ਨੂੰ ਵਿਚਾਰਦੇ ਹੋਏ ਕੁਮਾਰੀ ਹੇਮਾ, ਪੀ.ਈ.ਐਸ.-1 ਕਾਡਰ ਨੂੰ ਪੰਜਾਬ ਸਿਵਲ ਸੇਵਾਵਾਂ (ਜਨਰਲ ਅਤੇ ਕਾਮਨ ਕੰਡੀਸ਼ਨ ਆਫ ਸਰਵਿਸ) ਰੂਲਜ 1994 ਦੇ ਨਿਯਮ 8(2) ਤਹਿਤ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ ਉੱਨਤੀ ਦੇ ਹੱਕ ਤੋਂ 02 ਸਾਲ ਲਈ ਤਰੱਕੀ ਦੇ ਹੱਕ ਤੋਂ ਡੀਬਾਰ ਕਰਦੇ ਹੋਏ ਬਤੌਰ ਪ੍ਰਿੰਸੀਪਲ ਸਸਸਸ ਸ਼ੇਖੂਪੁਰਾ, ਜਿਲ੍ਹਾ ਪਟਿਆਲਾ ਵਿਖੇ ਖਾਲੀ ਅਸਾਮੀ ਵਿਰੁੱਧ ਤੈਨਾਤ ਕੀਤਾ ਜਾਂਦਾ ਹੈ।

4. ਇਹ ਹੁਕਮ ਸਮਰੱਥ ਅਥਾਰਟੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ, ਜੋ ਕਿ ਤਰੁੰਤ ਲਾਗੂ ਹੋਣਗੇ।

ਅਨਿੰਦਿਤਾ ਮਿਤਰਾ, ਆਈ.ਏ.ਐਸ.,<br>
ਸਕੱਤਰ, ਪੰਜਾਬ ਸਰਕਾਰ,<br>
ਸਕੂਲ ਸਿੱਖਿਆ ਵਿਭਾਗ।

ਮਿਤੀ, ਚੰਡੀਗੜ੍ਹ:<br>
03.11.2025

ਪਿੰ.ਅੰ. ਨੰ:/ਉਕਤ ਮਿਤੀ, ਚੰਡੀਗੜ੍ਹ: 04.11.2025

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮਹਾਂ ਲੇਖਾਕਾਰ (ਏ.ਐਂਡ ਈ.) ਆਡਿਟ ਵਿੰਗ, ਪੰਜਾਬ ਚੰਡੀਗੜ੍ਹ।
2) ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3) ਡਾਇਰੈਕਟਰ, ਜਨਰਲ ਸਕੂਲ ਐਜੂਕੇਸ਼ਨ, ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕੀਤਾ ਜਾਵੇ।
4) ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ ਨੂੰ ਉਨ੍ਹਾਂ ਦੀ ਈ ਮਿਸਲ ਨੰ: E-772533 ਦੇ ਹਵਾਲੇ ਵਿੱਚ।
5) ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ।
6) ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪਟਿਆਲਾ।
7) ਕੁਮਾਰੀ ਹੇਮਾ, ਪੀ.ਈ.ਐਸ.-1 ਕਾਡਰ ਨੂੰ ਹੁਕਮਾਂ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਹ ਆਪਣੀ ਨਵੀਂ ਤੈਨਾਤੀ ਵਾਲੇ ਸਥਾਨ ਤੇ ਤੁਰੰਤ ਜੁਆਇੰਨ ਕਰਨਾ ਯਕੀਨੀ ਬਨਾਉਣ।

ਅਧੀਨ ਸਕੱਤਰ ਸਕੂਲ ਸਿੱਖਿਆ